ਸੋਮਵਾਰ

1, ਫ਼ਰਵਰੀ 2010

20 ਮਾਘ ,

ਨਾਨਕਸ਼ਾਹੀ 541

ਅੱਜ ਦੀ ਆਵਾਜ਼

ਕੀਮਤ 2 ਰੁਪਏ

ਜਲੰਧਰ

ਅੰਕ ਨੰ. 291,

ਸਾਲ 25

Postal Regd. No.

PB/0007/09-2011

www.ajdiawaaz.com **ਪੰਜਾਬ ਦੀ ਉਮੀਦ** info@ajdiawaaz.com

ਸ਼ਹਿਰ ਤੇ ਆਸ-ਪਾਸ
ਚੋਣ ਵਾਅਦਿਆਂ ਤੋਂ ਭੱਜੀ ਬਾਦਲ ਸਰਕਾਰ 3

ਸੰਪਾਦਕੀ
ਅਫਸਰਸ਼ਾਹੀ ਜੁਆਬਦੇਹ ਹੋਵੇ 4

ਦੇਸ਼ ਦੁਨੀਆ
ਬਾਦਲ ਪਰਿਵਾਰ ਨੇ 43 ਕਰੋੜ ਰੁਪਏ... 8



ਅਕਾਲੀ-ਭਾਜਪਾ ਗਠਜੋੜ ਨੇ ਲੋਕਾਂ 'ਚ ਪਾਈਆਂ ਵੰਡੀਆਂ-ਭੱਠਲ

ਗਠਜੋੜ ਨੇ ਸੂਬੇ ਦੀ ਅਰਥ ਵਿਵਸਥਾ ਨੂੰ ਤਬਾਹ ਕਰ ਦਿੱਤਾ

ਤਪਾ ਮੰਡੀ, 31 ਜਨਵਰੀ (ਯਾਦੂ ਭੁੱਲਰ)-ਸਾਬਕਾ ਮੁੱਖ ਮੰਤਰੀ ਅਤੇ ਵਿਰੋਧੀ ਧਿਰ ਦੀ ਨੇਤਾ ਰਾਜਿੰਦਰ ਕੌਰ ਭੱਠਲ ਇੱਥੇ ਅਕਾਲੀ ਦਲ ਦੀ ਧਰਮ ਅਤੇ ਸਿਆਸਤ ਨੂੰ ਇਕੱਠਾ ਰੱਖਣ ਦੀ ਨਿਖੇਧੀ ਕਰਦਿਆਂ ਕਿਹਾ ਕਿ ਇਸ ਨੀਤੀ 'ਤੇ ਪੰਜਾਬ ਨੂੰ ਭਾਰੀ ਨੁਕਸਾਨ ਪਹੁੰਚਾਇਆ ਹੈ। ਜਿੱਥੇ ਸੂਬੇ ਵਿੱਚ ਵੱਖ-ਵੱਖ ਧਰਮਾਂ ਨਾਲ ਸੰਬੰਧਤ ਲੋਕਾਂ ਵਿੱਚ ਵਖਰੇਵਾਂ ਪੈਦਾ ਕੀਤਾ ਹੈ। ਉਥੇ ਤਖਤ ਦਾ ਮੌਜੂਦਾ ਅਤੇ ਸਾਬਕਾ ਜਥੇਦਾਰਾਂ ਵਿੱਚ ਵੀ ਤਣਾਅ ਪੈਦਾ ਕੀਤਾ ਹੈ। ਉਨ੍ਹਾਂ ਅਕਾਲੀ-ਭਾਜਪਾ ਗੱਠਜੋੜ 'ਤੇ ਦੋਸ਼ ਲਗਾਇਆ ਕਿ ਇਸ ਦਲ ਨੇ ਸੂਬੇ ਦੀ ਅਰਥ ਵਿਵਸਥਾ ਨੂੰ ਤਬਾਹ ਕਰ ਦਿੱਤਾ ਹੈ, ਜਿਸ ਕਾਰਨ ਸੂਬਾ 63 ਹਜ਼ਾਰ ਕਰੋੜ ਦਾ ਕਰਜ਼ਾਈ ਹੋ ਗਿਆ ਹੈ। ਇਹ ਵਿਚਾਰ ਬਾਬਾ ਹੀਰ ਸਿੰਘ ਅਤੇ ਮਾਤਾ ਹਰਨਾਮ ਕੌਰ ਭੱਠਲ ਯਾਦਗਾਰੀ 16ਵੇਂ ਕਬੱਡੀ ਟੂਰਨਾਮੈਂਟ ਦੀ ਅਗਵਾਈ ਕਰ ਰਹੇ ਕਲੱਬ ਅਹੁਦੇਦਾਰ ਬਲਵੀਰ ਸਿੰਘ ਧਾਲੀਵਾਲ ਸਾਬਕਾ ਪ੍ਰਧਾਨ ਨਗਰ ਕੌਂਸਲ ਅਤੇ ਪੰਜਾਬ ਪ੍ਰਦੇਸ਼ ਕਾਂਗਰਸ ਦੇ ਜਾਇੰਟ ਸਕੱਤਰ ਅਮਰਜੀਤ ਧਾਲੀਵਾਲ ਵੱਲੋਂ ਬੁਲਾਵੇ ਅਤੇ ਟੂਰਨਾਮੈਂਟ ਦੇ ਅੰਤਿਮ ਦਿਨ ਮੁੱਖ ਮਹਿਮਾਨ ਵੱਜੋਂ ਪੁੱਜ ਕੇ ਇਨਾਮ ਵੰਡ ਸਮਾਰੋਹ ਤੋਂ ਬਾਅਦ ਇਹ ਵਿਚਾਰ ਪੱਤਰਕਾਰ ਸੰਮੇਲਨ ਵਿੱਚ ਪ੍ਰਗਟ ਕੀਤੇ। ਬੀਬੀ ਭੱਠਲ ਨੇ ਇਹ ਵੀ ਕਿਹਾ ਕਿ ਪੰਜਾਬ ਦਾ ਕਰਜ਼ਾ ਆਉਂਦੇ ਦੋ ਸਾਲਾਂ ਤੱਕ 75 ਹਜ਼ਾਰ (ਬਾਕੀ ਸਫਾ 2 'ਤੇ)

ਤਪਾ ਵਿਖੇ ਕਰਵਾਏ ਖੇਡ ਮੇਲੇ ਮੌਕੇ ਬੀਬੀ ਭੱਠਲ ਸੰਬੋਧਨ ਕਰਦੇ ਹੋਏ ਉਨ੍ਹਾਂ ਦੇ ਨਾਲ ਸ. ਬਲਵੀਰ ਸਿੰਘ ਧਾਲੀਵਾਲ ਸਾਬਕਾ ਪ੍ਰਧਾਨ ਨਗਰ ਕੌਂਸਲ। ਫੋਟੋ: ਯਾਦੂ ਭੁੱਲਰ

ਭਾਜਪਾ ਦੀ ਮੀਟਿੰਗ ਧੜ੍ਹੇਬੰਦੀ ਕਾਰਨ ਫੇਲ੍ਹ

ਪੰਜਾਬ ਦੇ ਆਗੂ ਦਿੱਲੀ ਤਲਬ

3 ਨੂੰ ਐਲਾਨ ਦੀ ਸੰਭਾਵਨਾ

ਚੰਡੀਗੜ੍ਹ, 31 ਜਨਵਰੀ (ਹਰੀਸ਼ ਚੰਦਰ ਬਾਗਾਂਵਾਲਾ)- ਭਾਰਤੀ ਜਨਤਾ ਪਾਰਟੀ ਦੀ ਪੰਜਾਬ ਦਾ ਪ੍ਰਧਾਨ ਚੁਣਨ ਦੀ ਮੀਟਿੰਗ ਅੱਜ ਧੜ੍ਹੇਬੰਦੀ ਦਾ ਸ਼ਿਕਾਰ ਹੋ ਕੇ ਖਿਲ੍ਹਰ ਗਈ। ਸੂਤਰਾਂ ਮੁਤਾਬਿਕ ਚੋਣ ਮੀਟਿੰਗ ਵਿੱਚ ਕਾਲੀਆ-ਭੰਡਾਰੀ, ਤੀਕਸ਼ਣ ਸੂਦ-ਮੋਹਨ ਲਾਲ, ਖੰਨਾ-ਗਰੇਵਾਲ ਗਰੁੱਪ ਨੇ ਆਪਣੇ ਵੱਖਰੇ-ਵੱਖਰੇ ਪ੍ਰਧਾਨਾਂ ਦਾ ਐਲਾਨ ਕਰਨ ਦੀ ਕੋਸ਼ਿਸ਼ ਕੀਤੀ। ਜਿਸ ਕਾਰਨ ਮੀਟਿੰਗ ਦਾ ਮਾਹੌਲ ਗ਼ਰਮ ਹੋ ਗਿਆ। ਇਸੇ ਦੌਰਾਨ ਦਿੱਲੀ ਹਾਈਕਮਾਂਡ ਨੇ ਭਾਜਪਾ ਆਗੂਆਂ ਨੂੰ ਪੰਜਾਬ ਪ੍ਰਧਾਨ ਦੀ ਚੋਣ ਲਈ ਤੁਰੰਤ ਦਿੱਲੀ ਸੱਦ ਲਿਆ ਹੈ। ਸੰਭਾਵਨਾ ਹੈ ਕਿ ਹਾਈਕਮਾਂਡ ਦੀ ਦੇਖ-ਰੇਖ ਹੇਠ 3 ਫ਼ਰਵਰੀ ਨੂੰ ਨਵੀਂ ਦਿੱਲੀ ਵਿਖੇ ਪੰਜਾਬ ਦੇ ਪ੍ਰਧਾਨ ਦਾ ਐਲਾਨ ਕਰ ਦਿੱਤਾ ਜਾਵੇਗਾ।

ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਮੁਕਤਸਰ ਦੇ ਪਿੰਡ ਭਾਗਸਰ ਵਿਖੇ ਮਾਡਲ ਸਕੂਲ ਦਾ ਨੀਂਹ ਪੱਥਰ ਰੱਖਦੇ ਹੋਏ ਤੇ ਮੰਡੀ ਲੱਖੇਵਾਲੀ ਵਿਖੇ ਸੰਗਤ ਦਰਸ਼ਨ ਦੌਰਾਨ ਲੋਕਾਂ ਦੀਆਂ ਮੁਸ਼ਕਲਾਂ ਸੁਣਦੇ ਹੋਏ।

ਭਾਗਸਰ 'ਚ ਖੁੱਲ੍ਹੇਗਾ ਮਾਡਲ ਸਕੂਲ

- 5 ਏਕੜ 'ਚ 3.20 ਕਰੋੜ ਦੀ ਲਾਗਤ ਨਾਲ ਬਣੇਗੀ ਇਮਾਰਤ
- ਪੰਜਾਬ ਦੇ 21 ਹੋਰ ਸਕੂਲ ਵੀ ਬਣਨਗੇ ਮਾਡਲ ਸਕੂਲ

ਭਾਗਸਰ/ਮੁਕਤਸਰ, 31 ਜਨਵਰੀ (ਸੁਰੇਸ਼ ਗਰਗ, ਬਲਜੀਤ ਸਿੰਘ ਸੰਧੂ)- ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਨੇ ਅੱਜ ਇੱਥੇ ਸੰਗਤ ਦਰਸ਼ਨ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਪੰਜਾਬ ਵਿੱਚ ਸਿੱਖਿਆ ਦੇ ਮਿਆਰ ਨੂੰ ਉੱਚਾ ਚੁੱਕਣ ਲਈ 3.20 ਕਰੋੜ ਦੀ ਲਾਗਤ ਨਾਲ ਭਾਗਸਰ ਕਸਬੇ 'ਚ 5 ਏਕੜ ਦੇ ਰਕਬੇ 'ਚ ਵਿਸ਼ੇਸ਼ ਮਾਡਲ ਸਕੂਲ ਚਾਲੂ ਕੀਤਾ ਜਾਵੇਗਾ। ਜਦਕਿ 70 ਕਰੋੜ ਦੀ ਲਾਗਤ ਨਾਲ ਪੰਜਾਬ ਦੇ 21 ਹੋਰ ਸਕੂਲਾਂ ਨੂੰ ਮਾਡਲ ਸਕੂਲ ਬਣਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਪਿੰਡਾਂ ਅਤੇ ਸ਼ਹਿਰਾਂ ਦੇ ਬੱਚਿਆਂ ਨੂੰ ਇੱਕੋ ਜਿਹੀ ਵਧੀਆ ਮਿਆਰ ਦੀ ਸਿੱਖਿਆ ਲਈ ਇਹ ਕਦਮ ਚੁੱਕੇ ਜਾ ਰਹੇ ਹਨ ਤਾਂ ਕਿ ਅਮੀਰ ਗਰੀਬ ਦਾ ਪਾੜਾ ਖ਼ਤਮ ਹੋ ਸਕੇ। ਉਨ੍ਹਾਂ ਕਿਹਾ ਕਿ ਅਸੀਂ ਆਪਣੇ ਇਸ ਕਾਰਜਕਾਲ ਦੌਰਾਨ ਪੰਜਾਬ ਵਿੱਚ ਸਿੱਖਿਆ ਦੇ ਖੇਤਰ ਨੂੰ ਵਿਸ਼ੇਸ਼ ਤੌਰ 'ਤੇ ਵਿਕਸਿਤ ਕੀਤਾ ਹੈ। ਉਨ੍ਹਾਂ ਕਿਹਾ ਕਿ ਮੈਂ ਪਿਛਲੇ ਦਿਨੀਂ ਦਿੱਲੀ ਵਿਚ ਕੇਂਦਰੀ ਗ੍ਰਹਿ ਮੰਤਰੀ ਸ੍ਰੀ ਪੀ. ਚਿਦੰਬਰਮ ਨੂੰ ਸਰਹਦੋਂ ਪਾਰਲੇ ਅੱਤਵਾਦ ਨਾਲ ਪ੍ਰਭਾਵੀ ਢੰਗ ਨਾਲ ਨਿਪਟਣ ਅਤੇ ਰਾਜ ਵਿਚ ਕਾਨੂੰਨ ਵਿਵਸ਼ਥਾ ਨੂੰ ਬਣਾਈ ਰਖਣ ਲਈ ਅਗਲੇ ਤਿੰਨ ਸਾਲਾਂ ਵਿਚ 5 ਇੰਡੀਅਨ ਰਿਜਰਵ ਬਟਾਲੀਅਨਾਂ ਖੜ੍ਹੀਆਂ ਕਰਨ ਦੀ ਅਪੀਲ (ਬਾਕੀ ਸਫਾ 2 'ਤੇ)

ਕੁਝ ਦਿਨਾਂ 'ਚ ਘੱਟ ਹੋ ਜਾਵੇਗੀ ਮਹਿੰਗਾਈ- ਸ਼ਰਦ ਪਵਾਰ

ਨਵੀਂ ਦਿੱਲੀ, 31 ਜਨਵਰੀ (ਵਿਸ਼ਵ ਵਾਰਤਾ)- ਮਹਿੰਗਾਈ ਮੁੱਦੇ 'ਤੇ ਚਾਰੇ ਪਾਸਿਉਂ ਆਲੋਚਨਾ ਝੱਲ ਰਹੇ ਖੇਤੀਬਾੜੀ ਮੰਤਰੀ ਸ਼ਰਦ ਪਵਾਰ ਦਾ ਕਹਿਣਾ ਹੈ ਕਿ ਹਾੜ੍ਹੀ ਫਸਲ ਦੀ ਚੰਗੀ ਸੰਭਾਵਨਾ ਅਤੇ ਦਾਲ-ਚੀਨੀ ਦੇ ਆਯਾਤ ਦੇ ਕਾਰਨ ਇਹਨਾਂ ਦੀ ਵਧਦੀ ਉਪਲੱਬਧਤਾ ਨਾਲ ਆਉਣ ਵਾਲੇ ਦਿਨਾਂ ਵਿੱਚ ਮਹਿੰਗਾਈ 'ਤੇ ਸ਼ਿਕੰਜਾ ਕਸਿਆ ਜਾ ਸਕੇਗਾ। ਪਹਿਲਾਂ ਵਿੱਚ ਕਈ ਰਾਜਨੀਤਿਕ ਸੰਕਟਾਂ ਨਾਲ ਬਾਖੂਬੀ ਨਾਲ ਨਿਪਟ ਚੁੱਕੇ ਸ਼ਰਦ ਪਵਾਰ ਦਾ ਹਾਲਾਂਕਿ ਮੰਨਣਾ ਹੈ ਕਿ ਖੇਤੀਬਾੜੀ ਆਧਾਰਿਤ ਅਰਥ-ਵਿਵਸਥਾ ਹੋਣ ਦੇ ਨਾਤੇ ਕਿਸਾਨਾਂ ਨੂੰ ਉਚਿਤ ਮੁੱਲ ਮਿਲਣਾ ਚਾਹੀਦਾ ਹੈ। ਜ਼ਰੂਰਤ ਦੇ ਸਾਮਨਾਂ ਦੀ ਆਸਮਾਨ ਛੂਹੰਦੀਆਂ ਕੀਮਤਾਂ 'ਤੇ ਵਿਰੋਧੀ ਧਿਰ ਵੱਲੋਂ ਲਗਾਤਾਰ ਆਲੋਚਨਾ ਝੱਲ ਰਹੇ ਪਵਾਰ ਨੇ ਦਿੱਤੀ ਇੱਕ ਇੰਟਰਵਿਊ ਵਿੱਚ ਦੱਸਿਆ ਕਿ ਗੈਰ ਕਾਂਗਰਸ ਸ਼ਾਸਿਤ ਕਈ ਰਾਜਾਂ ਨੇ ਕੇਂਦਰ ਨੂੰ ਝੋਨੇ ਦੇ ਘੱਟੋ-ਘੱਟ ਸਮਰਥਨ ਮੁੱਲ ਨੂੰ ਵਧਾਏ ਜਾਣ ਲਈ ਲਿਖਿਆ ਹੈ। ਇਸ ਦਾ ਅਸਰ ਮੁੱਲਾਂ 'ਤੇ ਵੀ ਦਿਖੇਗਾ। ਮਹਿੰਗਾਈ ਦੀ ਮਾਰ ਝੱਲ ਰਹੇ ਖਪਤਕਾਰਾਂ ਲਈ ਚੰਗੀ ਖ਼ਬਰ ਦਿੰਦਿਆਂ ਪਵਾਰ ਨੇ ਕਿਹਾ ਕਿ ਦਾਲਾਂ ਦੀਆਂ ਕੀਮਤਾਂ ਹੌਲੀ-ਹੌਲੀ ਘੱਟ ਹੋ ਰਹੀਆਂ ਹਨ ਅਤੇ ਚੀਨੀ ਵੀ ਸਸਤੀ ਹੋ ਰਹੀ ਹੈ। ਉਹਨਾਂ ਕਿਹਾ ਕਿ ਹਾੜ੍ਹੀ ਮੌਸਮ ਦੇ ਅਨੁਮਾਨ ਵਿੱਚ ਕਣਕ ਦੀ ਚੰਗੀ ਫ਼ਸਲ ਰਹਿਣ ਦੀ ਸੰਭਾਵਨਾ ਪ੍ਰਗਟ ਕੀਤੀ (ਬਾਕੀ ਸਫਾ 2 'ਤੇ)

ਸੁਪਰੀਮ ਕੋਰਟ ਵੱਲੋਂ ਹੇਠਲੀਆਂ ਅਦਾਲਤਾਂ ਦੀ ਖਿਚਾਈ

ਕਿਹਾ: ਵਿਸ਼ਵੀਕਰਨ ਦੀ ਆੜ 'ਚ ਮੁਲਾਜ਼ਮ ਨੂੰ ਕੱਢਣਾ ਉਸ ਦੇ ਮੌਲਿਕ ਅਧਿਕਾਰਾਂ ਦੀ ਉਲੰਘਣਾ

ਚੰਡੀਗੜ੍ਹ, 31 ਜਨਵਰੀ (ਹਰੀਸ਼ ਚੰਦਰ ਬਾਗਾਂਵਾਲਾ)- ਮਾਨਯੋਗ ਸੁਪਰੀਮ ਕੋਰਟ ਨੇ ਗਲੋਬਲਾਈਜੇਸ਼ਨ ਦੇ ਨਾਂਅ ਉਪਰ ਕਰਮਚਾਰੀਆਂ ਨੂੰ ਨੌਕਰੀਓਂ ਕੱਢਣ ਉਪਰ ਨਰਾਜ਼ਗੀ ਪ੍ਰਗਟ ਕਰਦੇ ਪੰਜਾਬ ਸਟੇਟ ਵੇਅਰਹਾਊਸਿੰਗ ਕਾਰਪੋਰੇਸ਼ਨ ਦੇ ਇੱਕ ਕਰਮਚਾਰੀ ਨੂੰ ਬਹਾਲ ਕਰਨ ਦੇ ਆਦੇਸ਼ ਜਾਰੀ ਕਰਦੇ ਹੋਏ ਸਰਕਾਰ ਦੀ ਚੰਗੀ ਖਿਚਾਈ ਕੀਤੀ ਹੈ। ਸੁਪਰੀਮ ਕੋਰਟ ਦੇ ਮਾਨਯੋਗ ਜਸਟਿਸ ਜੀ.ਐੱਸ. ਸਿਘਵੀਆ ਅਤੇ ਮਾਨਯੋਗ ਅਸ਼ੋਕ ਕੁਮਾਰ 'ਤੇ ਆਧਾਰਤ ਬੈਂਚ ਨੇ ਕੇਸ ਦੀ ਸੁਣਵਾਈ ਕਰਦੇ ਹੋਏ ਕਿਹਾ ਕਿ ਇਹ ਵਿਅਕਤੀ ਦੇ ਮੌਲਿਕ ਅਧਿਕਾਰਾਂ ਦੀ ਉਲੰਘਣਾ ਹੈ। ਸੁਪਰੀਮ ਕੋਰਟ ਨੇ ਅਦਾਲਤ ਵੱਲੋਂ ਇਸ ਤਰ੍ਹਾਂ ਦੀ ਨਜਾਇਜ਼ ਕਾਰਵਾਈ ਨੂੰ ਮਨਜੂਰ ਕਰਨ ਦੀ ਵੱਧ ਰਹੀ ਵਿਚਾਰਧਾਰਾ 'ਤੇ ਵੀ ਖੇਦ ਪ੍ਰਗਟ ਕੀਤਾ ਹੈ। ਸੁਪਰੀਮ ਕੋਰਟ ਨੇ ਕਿਹਾ ਕਿ ਇਸ ਤੋਂ ਅਜਿਹੇ ਧਾਰਨਾ ਬਣ ਰਹੀ ਹੈ ਕਿ ਉਦਯੋਗਿਕ ਅਤੇ ਅਸੰਗਠਿਤ ਖੇਤਰਾਂ ਦੀ ਮੁਸ਼ਕਿਲਾਂ ਦੇ ਪ੍ਰਤੀ ਹੁਣ ਅਦਾਲਤਾਂ ਨੂੰ ਕਿਸੇ ਤਰ੍ਹਾਂ ਦੀ ਹਮਦਰਦੀ ਨਹੀਂ ਰਹੀ ਹੈ। ਅਦਾਲਤ ਨੇ ਆਪਣੇ ਆਦੇਸ਼ ਵਿੱਚ ਕਿਹਾ ਕਿ ਮੌਜੂਦਾ ਮਾਮਲੇ ਦੀ ਤਰ੍ਹਾਂ ਅਨੇਕਾਂ ਮਾਮਲਿਆਂ ਵਿੱਚ ਲੇਬਰ ਦੀ ਸ਼੍ਰੇਣੀ ਵਿੱਚ ਆਉਣ ਵਾਲੇ ਕਰਮਚਾਰੀਆਂ ਨੂੰ ਰਾਹਤ ਨਹੀਂ ਦਿੱਤੀ ਜਾਂਦੀ, ਜਿਸ ਨੂੰ ਗੈਰ ਕਾਨੂੰਨੀ ਢੰਗ ਨਾਲ ਸੇਵਾ ਤੋਂ ਹਟਾ ਦਿੱਤਾ ਜਾਂਦਾ ਹੈ, ਵਰਨਣਯੋਗ ਹੈ ਕਿ ਪੰਜਾਬ ਸਟੇਟ ਵੇਅਰਹਾਊਸਿੰਗ ਕਾਰਪੋਰੇਸ਼ਨ ਦੇ (ਬਾਕੀ ਸਫਾ 2 'ਤੇ)

ਅਮਰ ਸਿੰਘ ਦੇ ਸਮਰਥਨ 'ਚ ਉਤਰੀ ਜਯਾ ਪ੍ਰਦਾ

ਨਵੀਂ ਦਿੱਲੀ/ਲਖਨਊ, 31 ਜਨਵਰੀ (ਵਿਸ਼ਵ ਵਾਰਤਾ)-ਸਮਾਜਵਾਦੀ ਪਾਰਟੀ (ਸਪਾ) ਦੇ ਸਾਬਕਾ ਜਨਰਲ ਸਕੱਤਰ ਅਮਰ ਸਿੰਘ ਦੇ ਸਾਰੇ ਅਹੁਦਿਆਂ ਤੋਂ ਅਸਤੀਫ਼ਾ ਦੇਣ ਤੋਂ ਬਾਅਦ ਪਾਰਟੀ ਵਿੱਚ ਮਚੀ ਹਲਚਲ ਵਿਚਾਲੇ ਬਾਲੀਵੁੱਡ ਅਭਿਨੇਤਰੀ ਅਤੇ ਲੋਕ ਸਭਾ ਸਾਂਸਦ ਜਯਾ ਪ੍ਰਦਾ ਉਹਨਾਂ ਦੇ ਸਮਰਥਨ ਵਿੱਚ ਉਤਰ ਆਈ ਹੈ। ਜਯਾ ਪ੍ਰਦਾ ਨੇ ਅੱਜ ਇੱਕ ਪ੍ਰੈਸ ਕਾਨਫਰੰਸ ਵਿੱਚ ਕਿਹਾ ਕਿ ਅਮਰ ਸਿੰਘ ਦੇ ਨਾਲ ਜੋ ਕੁਝ ਵੀ ਹੋ ਰਿਹਾ ਹੈ, ਉਹ ਠੀਕ ਨਹੀਂ ਹੈ ਅਤੇ ਉਹ ਇਸ ਦਾ ਵਿਰੋਧ ਕਰਦੀ ਹੈ। ਜਯਾ ਪ੍ਰਦਾ ਨੇ ਅਮਰ ਸਿੰਘ ਦੇ ਵਿਰੋਧੀਆਂ ਖ਼ਿਲਾਫ ਮੋਰਚਾ ਖੋਲ੍ਹਦੇ ਹੋਏ ਕਿਹਾ ਕਿ ਸਪਾ ਵਿੱਚ ਜੋ ਕੁਝ ਵੀ ਹੋ ਰਿਹਾ ਹੈ। ਉਸ ਤੋਂ ਮੈਨੂੰ ਕਾਫ਼ੀ ਦੁੱਖ ਹੋਇਆ ਹੈ। ਅਸੀਂ ਅੱਜ ਆਪਣਿਆਂ ਵਿਚਾਲੇ ਗੈਰ ਹੋ ਰਹੇ ਹਨ। ਉਹਨਾਂ ਕਿਹਾ ਕਿ ਸਪਾ ਇੱਕ ਪਰਿਵਾਰ ਹੈ ਅਤੇ ਪਾਰਟੀ ਪ੍ਰਮੁੱਖ ਦੇ ਰੂਪ ਵਿੱਚ ਮੁਲਾਇਮ ਸਿੰਘ ਪਿਤਾ ਸਮਾਨ ਹਨ। ਪਰ ਅੱਜ ਜਦੋਂ ਮੁਲਾਇਮ ਪਰਿਵਾਰ ਨੇ ਅਮਰ ਸਿੰਘ ਨੂੰ ਨਕਾਰ ਦਿੱਤਾ ਹੈ ਤਾਂ ਉਹ ਆਪਣੇ ਪਰਿਵਾਰ ਦੇ ਇੱਕ ਮੈਂਬਰ ਦੇ ਸਨਮਾਨ ਦੀ ਰੱਖਿਆ ਲਈ ਕੁਝ ਨਹੀਂ ਕਰ ਰਹੇ ਹਨ। ਪਾਰਟੀ ਵਿੱਚ ਕੁਝ ਲੋਕ ਮੁਲਾਇਮ ਸਿੰਘ ਨੂੰ ਭੜਕਾ ਰਹੇ ਹਨ। ਜਯਾ ਪ੍ਰਦਾ ਨੇ ਕਿਹਾ ਕਿ ਅਮਰ ਸਿੰਘ ਸਾਜਿਸ਼ ਦਾ ਸ਼ਿਕਾਰ ਹੋਏ ਹਨ। ਅਮਰ ਸਿੰਘ ਦੇ ਖ਼ਿਲਾਫ ਪਾਰਟੀ ਵਿੱਚ ਹੋ ਰਹੀ ਤਿੱਖੀ ਬਿਆਨਬਾਜ਼ੀ 'ਤੇ ਸਖ਼ਤ ਪ੍ਰਤਿਕਿਰਿਆ ਪ੍ਰਗਟ ਕਰਦੇ ਹੋਏ ਜਯਾ ਪ੍ਰਦਾ ਨੇ ਕਿਹਾ ਕਿ ਭੱਦੀ ਬਿਆਨਬਾਜ਼ੀ ਦਾ ਅਮਰ ਸਿੰਘ ਦੀ ਸਿਹਤ 'ਤੇ ਬੁਰਾ ਅਸਰ ਪੈ ਰਿਹਾ ਹੈ।

ਬੀ.ਟੀ. ਬੈਂਗਣ ਦੇ ਮੁੱਦੇ 'ਤੇ ਕੇਂਦਰ, ਪੰਜਾਬ ਆਹਮਣੋ-ਸਾਹਮਣੇ

ਚੰਡੀਗੜ੍ਹ, 31 ਜਨਵਰੀ (ਹਰੀਸ਼ ਚੰਦਰ ਬਾਗਾਂਵਾਲਾ)-ਬਹੁਚਰਚਿਤ ਬੀ.ਟੀ. ਬੈਂਗਣ ਪ੍ਰਤੀ ਕੇਂਦਰ ਸਰਕਾਰ ਦੇ ਹਾਂ ਪੱਖੀ ਰਵੱਈਏ ਨੂੰ ਲੈ ਕੇ ਕਈ ਜਥੇਬੰਦੀਆਂ ਵੱਲੋਂ ਇਹ ਖਦਸ਼ਾ ਪ੍ਰਗਟ ਕੀਤਾ ਜਾ ਰਿਹਾ ਹੈ ਕਿ ਇਹ ਭਾਰਤ ਨੂੰ ਵਿਦੇਸ਼ੀ ਕੰਪਨੀਆਂ ਹੱਥ ਵੇਚਿਆ ਜਾ ਰਿਹਾ ਹੈ। ਬੀ.ਟੀ. ਬੈਂਗਣ ਨਾਲ ਭਾਰਤ ਦੇ ਵਾਤਾਵਰਣ, ਖੇਤੀ, ਪੂੰਜੀ ਤੇ ਲੋਕਾਂ ਦੀ ਸਿਹਤ ਨੂੰ ਖਤਰਾ ਪੈਦਾ ਹੋ ਗਿਆ ਹੈ। ਇਸ ਸੰਬੰਧੀ ਪ੍ਰਗਟਾਵਾ ਅਮਜ ਭਾਰਤੀ ਮੂਲ ਦੇ ਕੇਨੇਤਾਲੀ ਡਾਕਟਰ ਸ਼ਿਵ ਚੋਪੜਾ ਨੇ ਅੱਜ ਇੱਥੇ ਮੀਡੀਆ ਨਾਲ ਗੱਲਬਾਤ ਦੌਰਨ ਕੀਤਾ। ਇਸ ਮੌਕੇ ਬੀ.ਟੀ. ਬੈਂਗਣ ਦੀਆਂ ਖਾਮੀਆਂ ਨੂੰ ਉਜਾਗਰ ਕਰ ਰਹੀ ਸੰਸਥਾ ਖੇਤੀ ਵਿਰਾਸਤ ਮੰਚ ਦੇ ਪ੍ਰਭਾਈ ਉਮੇਦਰ ਦੱਤ ਨੇ ਇਸ ਮੌਕੇ ਕਿਹਾ ਕਿ ਕੇਂਦਰ ਸਰਕਾਰ ਨੇ ਵਿਦੇਸ਼ੀ ਮੋਨਸੈਂਟੋ ਦੀ ਰਿਪੋਰਟ ਨੂੰ ਲਕੋ ਲਿਆ ਹੈ ਤੇ ਬੀ.ਟੀ. ਬੈਂਗਣ ਦਾ ਬੈਕਟੀਰੀਆ ਤਿਆਰ ਕਰਨ ਵਾਲੀ ਇਸ ਕੰਪਨੀ ਹੱਥ ਆਪਣੇ ਆਪ ਨੂੰ ਵੇਚ ਦਿੱਤਾ ਹੈ।

ਉਨ੍ਹਾਂ ਕਿਹਾ ਕਿ ਬੀ.ਟੀ. ਬੈਂਗਨ ਦੇ ਉਤਪਾਦਨ ਦੇ ਸ਼ੁਰੂ ਹੋਣ ਨਾਲ ਹੌਲੀ-ਹੌਲੀ ਦੇਸੀ ਖੇਤੀ ਊਰਜਾ ਸ਼ਕਤੀ ਖਤਮ ਹੋ ਜਾਵੇਗਾ। ਦੇਸ਼ ਵਿਦੇਸ਼ ਦੇ ਸਹਾਰੇ ਹੋ ਜਾਵੇਗੀ। ਉਨ੍ਹਾਂ ਕਿਹਾ ਕਿ ਇਸ ਮਾਮਲੇ ਸੰਬੰਧੀ ਜਦੋਂ ਸੁਆਲ ਪੁੱਛੇ ਜਾਣਗੇ ਤਾਂ ਲੋਕਾਂ ਨੂੰ ਅਸਲੀਅਤ ਪਤਾ ਚੱਲੇਗਾ।

ਜਗਰਾਉਂ ਦਾ ਵੋਮੈਨ ਸੈੱਲ ਬਣ ਰਿਹਾ ਹੈ ਟੁੱਟੇ ਰਿਸ਼ਤਿਆਂ ਲਈ ਵਰਦਾਨ

ਜਗਰਾਉਂ,31 ਜਨਵਰੀ (ਵਿਸ਼ਵ ਵਾਰਤਾ)- ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਵਿੱਚ ਔਰਤਾਂ ਦੀ ਭਲਾਈ ਲਈ ਬਣਾਏ ਗਏ ਸਪੈਸ਼ਲ ਵੋਮੈਨ ਸੈੱਲ ਕਈ ਥਾਂਈ ਲੋਕਾਂ ਲਈ ਵਰਦਾਨ ਸਾਬਤ ਹੋ ਰਹੇ ਹਨ ਕਿਉਂਕਿ ਇਹਨਾਂ ਵੋਮੈਨ ਸੈੱਲਾਂ ਵਿੱਚ ਪਤੀ ਪਤਨੀਆਂ ਵਿੱਚ ਕੁੱਝ ਕਾਰਨਾ ਕਰਕੇ ਟੁੱਟ ਰਹੇ ਰਿਸ਼ਤਿਆਂ ਨੂੰ ਇਹਨਾਂ ਵੋਮੈਨ ਸੈੱਲਾਂ ਵਿੱਚ ਜਲਦੀ ਨਿਪਟਾ ਕੇ ਉਹਨਾਂ ਦੇ ਉਜੜ ਰਹੇ ਘਰ ਵਸਾਏ ਜਾ ਰਹੇ ਹਨ ਅਜਿਹੀ ਹੀ ਇਕ ਮਿਸਾਲ ਉਸ ਸਮੇਂ ਸਾਹਮਣੇ ਆਈ ਜਦੋਂ ਪੁਲਿਸ ਜਿਲ੍ਹਾ ਲੁਧਿਆਣਾ ਦਿਹਾਤੀ ਦੇ ਵੋਮੈਨ ਸੈੱਲ ਦੀ ਮੁੱਖੀ ਇੰਸਪੈਕਟਰ ਗੁਰਮੀਤ ਕੌਰ ਨੇ ਤਿੰਨ ਟੁੱਟਦੇ ਘਰਾਂ ਨੂੰ ਮੁੜ ਵਸਾ ਦਿੱਤਾ। ਉਹਨਾਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਗੁਰਦੀਪ ਕੌਰ ਪੁਤਰੀ ਬਿੱਲੂ ਵਾਸੀ ਮੰਡਿਆਣੀ, ਪਰਮਜੀਤ ਕੌਰ ਪੁਤਰੀ ਮਨਜੀਤ ਸਿੰਘ ਵਾਸੀ ਮਾਣੂਕੇ ਜੋ ਪਿਛਲੇ ਇੱਕ ਸਾਲ ਤੋ ਆਪਣੇ ਪੇਕੇ ਘਰ ਬੈਠੀ ਸੀ, ਜਸਵੀਰ ਕੌਰ ਪੁਤਰੀ ਸੁਰਜੀਤ ਸਿੰਘ ਹਾਲ ਵਾਸੀ ਕੋਠੇ ਰਾਹਲਾਂ ਵਿਰੁੱਧ ਪਰਮਜੀਤ ਸਿੰਘ ਪੁੱਤਰ ਜੀਤ ਰਾਮ ਵਾਸੀ ਤਲਵਨ ਥਾਣਾ ਨੂਰ ਮਹਿਲ ਜਿਲ੍ਹਾ ਜਲੰਧਰ ਜਿੰਨਾ ਦੀ ਦਰਖਾਸਤ 16-01-2010 ਨੂੰ ਐਸ. ਐਸ. ਪੀ ਜਗਰਾਉਂ ਦੇ ਪੇਸ਼ ਹੋ ਕਿ ਦਿੱਤੀ ਕੇ ਮੈ ਪਿਛਲੇ ਡੇਢ ਸਾਲ ਤੋ ਆਪਣੇ ਪੇਕੇ ਘਰ ਬੈਠੀ ਹਾਂ ਅਤੇ ਮੇਰਾ ਸਹੁਰਾ ਪਰਿਵਾਰ ਮੈਨੂੰ ਤੰਗ ਪਰੇਸ਼ਾਨ ਕਰ ਰਿਹਾ ਹੈ ਤੇ ਤਲਾਕ ਦੇਣ ਲਈ ਕਹਿ ਰਹੇ ਹਨ ਪਰ ਇੰਸਪੈਕਟਰ ਗੁਰਮੀਤ ਕੌਰ ਇੰਚਾਰਜ ਵੋਮੈਨ ਸੈਲ ਨੇ ਦੋਵੇਂ ਪਰਿਵਾਰਾਂ ਨੂੰ ਸਮਝਾ ਕੇ ਅਤੇ ਸਹੁਰਾ ਪਰਿਵਾਰ ਨੂੰ ਨੂੰਹ ਅਤੇ ਧੀ ਵਿੱਚ ਫਰਕ ਦੱਸ ਕੇ ਇਹ ਉਜੜਦਾ ਘਰ ਫਿਰ ਤੋ ਵਸਾ ਦਿੱਤਾ ਇਸ ਤਰਾਂ ਉਹਨਾਂ ਨੇ ਟੁੱਟਦੇ ਤਿੰਨੇ ਪਰਿਵਾਰਾ ਨੂੰ ਮੁੜ ਇਕੱਠਾ ਕਰ ਦਿੱਤਾ ਅਤੇ ਅੱਗੇ ਤੋ ਪ੍ਰਣ ਕਰਵਾਇਆ ਕੇ ਉਹ ਕਦੇ ਵੀ ਕਿਸੇ ਮਗਰ ਲੱਗ ਕੇ ਆਪਣਾ ਘਰ ਖਰਾਬ ਨਹੀ ਕਰਨਗੇ। ਇਸ ਮੌਕੇ ਇੰਸਪੈਕਟਰ ਗੁਰਮੀਤ ਕੌਰ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਆਖਿਆ ਕੇ ਮੇਰੀ ਦਿਲੀ ਤਮੰਨਾ ਇਹੀ ਹੈ ਕਿ ਦਿਨੋ ਦਿਨ ਟੁੱਟ ਰਹੇ ਰਿਸ਼ਤਿਆਂ ਨੂੰ ਕਿਸੇ ਵੀ ਤਰਾਂ ਟੁੱਟਣ ਤੋ ਬਚਾਇਆ ਜਾਵੇ ਅਜਿਹੇ ਕੇਸਾਂ ਵਿੱਚ ਪਤੀ ਪਤਨੀ ਜਾਂ ਘਰੇਲੂ ਝਗੜਿਆ ਦੇ ਚਲਦੇ ਮਾਸੂਮ ਬੱਚਿਆ ਦੀ ਅਕਸਰ ਜਿੰਦਗੀ ਤਬਾਹ ਹੋ ਜਾਂਦੀ ਹੈ ਅਤੇ ਪੰਜਾਬ ਵਿੱਚ ਨੌਜਵਾਨਾ ਵਿੱਚ ਨਸ਼ਿਆਂ ਦੇ ਸੇਵਨ ਦੇ ਰੁਝਾਨ ਕਾਰਨ ਰੋਜ਼ਾਨਾ ਸੈਂਕੜੇ ਘਰ ਟੁੱਟ ਰਹੇ ਹਨ ਇਹਨਾਂ ਟੁੱਟਦੇ ਘਰਾਂ ਨੂੰ ਪੂਰੀ ਦਿਲੀ ਮਿਹਨਤ ਦੇ ਨਾਲ ਜੋੜਿਆ ਜਾਵੇਗਾ।

ਉਤਰ ਭਾਰਤੀਆਂ ਦੀ ਰੱਖਿਆ ਕਰੇਗਾ ਸੰਘ

ਨਵੀਂ ਦਿੱਲੀ, 31 ਜਨਵਰੀ (ਵਿਸ਼ਵ ਵਾਰਤਾ)-ਭਾਜਪਾ ਵਿੱਚ ਆਉਣ ਵਾਲੇ ਦਿਨਾਂ ਵਿੱਚ ਰਾਜ ਠਾਕਰੇ ਦੀ ਮਨਸੇ ਨਾਲ ਸਿੱਧੀ ਟੱਕਰ ਦੇ ਸੰਕੇਤ ਨੂੰ ਅੱਗੇ ਵਧਾਉਂਦੇ ਹੋਏ ਸੰਘ ਨੇ ਆਪਣੇ ਵਰਕਰਾਂ ਨੂੰ ਕਿਹਾ ਹੈ ਕਿ ਉਹ ਮੁੰਬਈ ਅਤੇ ਮਹਾਰਾਸ਼ਟਰ ਦੇ ਹੋਰ ਖੇਤਰਾਂ ਵਿੱਚ ਵਸੇ ਉਤਰ ਭਾਰਤੀਆਂ ਨੂੰ ਸੁਰੱਖਿਆ ਪ੍ਰਦਾਨ ਕਰਨ। ਸੰਘ ਦੇ ਸੀਨੀਅਰ ਨੇਤਾ ਰਾਮ ਮਾਧਵ ਨੇ ਅੱਜ ਇੱਥੇ ਪੱਤਰਕਾਰਾਂ ਨੂੰ ਕਿਹਾ- ਸੰਘ ਨੇ ਆਪਣੇ ਵਰਕਰਾਂ, ਖਾਸ ਕਰਕੇ ਮਹਾਰਾਸ਼ਟਰ ਵਿੱਚ ਰਹਿਣ ਵਾਲਿਆਂ ਨੂੰ ਕਿਹਾ ਹੈ ਕਿ ਉਹ ਰਾਜ ਵਿੱਚ ਰਹਿ ਰਹੇ ਉਤਰ ਭਾਰਤੀਆਂ ਨੂੰ ਸੁਰੱਖਿਆ ਪ੍ਰਦਾਨ ਕਰਨ। ਉਹਨਾਂ ਕਿਹਾ ਕਿ ਵਰਕਰਾਂ ਨੂੰ ਕਿਹਾ ਗਿਆ ਹੈ ਕਿ ਉਹ ਇਸ ਗੱਲ ਨੂੰ (ਬਾਕੀ ਸਫਾ 2 'ਤੇ)

ਜੰਮੂ-ਕਸ਼ਮੀਰ 'ਚ ਕਾਰਵਾਈ ਖ਼ਤਮ, ਖਾੜਕੂ ਬਚ ਨਿਕਲੇ

ਪੁਲਿਸ ਰਹਿ ਗਈ ਹੱਥ ਮਲਦੀ

ਸ੍ਰੀਨਗਰ, 31 ਜਨਵਰੀ (ਵਿਸ਼ਵ ਵਾਰਤਾ)-ਜੰਮੂ-ਕਸ਼ਮੀਰ ਦੇ ਸੋਪੋਰ ਵਿੱਚ ਸੁਰੱਖਿਆ ਬਲਾਂ ਅਤੇ ਅੱਤਵਾਦੀਆਂ ਵਿਚਾਲੇ ਲਗਪਗ 15 ਘੰਟੇ ਤੱਕ ਚੱਲੇ ਮੁਕਾਬਲੇ ਵਿੱਚ ਅੱਜ ਸਵੇਰੇ ਤੀਕਬਰਨ 11 ਵਜੇ ਖ਼ਤਮ ਹੋ ਗਈ। ਸੂਤਰਾਂ ਅਨੁਸਾਰ ਸ਼ਨੀਵਾਰ ਸ਼ਾਮ ਇੱਕ ਘਰ ਵਿੱਚ ਛੁਪੇ ਅੱਤਵਾਦੀ ਸੁਰੱਖਿਆ ਬਲਾਂ ਤੋਂ ਘਿਰੇ ਹੋਣ ਦੇ ਬਾਵਜੂਦ ਉਥੋਂ ਫਰਾਰ ਹੋਣ ਵਿੱਚ ਸਫ਼ਲ ਹੋ ਗਏ ਹਨ। ਉਥੇ ਹੀ, ਪੁਲਿਸ ਅਤੇ ਸੁਰੱਖਿਆ ਬਲਾਂ ਨੇ ਅੱਤਵਾਦੀਆਂ ਨੂੰ ਲੱਭਣ ਲਈ ਸਾਂਝੀ ਮੁਹਿੰਮ ਸ਼ੁਰੂ ਕਰ ਦਿੱਤੀ ਗਈ ਹੈ। ਜ਼ਿਕਰਯੋਗ ਹੈ ਕਿ ਸ਼ਨੀਵਾਰ ਨੂੰ ਹਰਕਤ-ਉਲ-ਮੁਜਾਹਿਦੀਨ ਦੇ ਦੋ ਅੱਤਵਾਦੀ ਉਤਰ ਕਸ਼ਮੀਰ ਵਿੱਚ ਇੱਕ ਘਰ ਵਿੱਚ ਘੁਸ ਗਏ ਸਨ। ਸਥਾਨਿਕ ਲੋਕਾਂ ਨੇ ਪੁਲਿਸ ਨੂੰ ਅੱਤਵਾਦੀਆਂ ਦੇ ਘਰ ਵਿੱਚ ਛੁਪੇ ਹੋਣ ਦੀ ਸੂਚਨਾ ਦਿੱਤੀ ਜਿਸ ਤੋਂ ਬਾਅਦ 22 ਰਾਸ਼ਟਰੀ ਰਾਫੀਫਲ ਅਤੇ ਸਪੈਸ਼ਲ ਆਪਰੇਸ਼ਨ ਗਰੁੱਪ (ਐਮ.ਓ.ਜੀ) ਦੇ ਜਵਾਨ ਮੌਕੇ 'ਤੇ ਪਹੁੰਚ ਗਏ। ਸੁਰੱਖਿਆ ਬਲਾਂ ਨੇ ਪੂਰੇ ਇਲਾਕੇ ਦੀ ਘੇਰਾਬੰਦੀ ਕਰ ਲਈ। ਇਸ ਦੌਰਾਨ ਸੁਰੱਖਿਆ ਬਲਾਂ ਅਤੇ ਅੱਤਵਾਦੀਆਂ ਵੱਲੋਂ ਲਗਪਗ 15 ਘੰਟੇ ਤੱਕ ਲਗਾਤਾਰ ਫਾਇਰਿੰਗ ਹੁੰਦੀ ਰਹੀ। ਹਾਲਾਂਕਿ, ਮੁਕਾਬਲੇ ਵਿੱਚ ਕਿਸੇ ਦੇ ਵੀ ਜ਼ਖਮੀ ਹੋਣ ਦੀ ਖ਼ਬਰ ਨਹੀਂ ਹੈ।

ਹਾਕੀ ਵਿਸ਼ਵ ਕੱਪ ਟੂਰਨਾਮੈਂਟ 'ਚ ਹਿੱਸਾ ਲਵੇਗਾ ਪਾਕਿਸਤਾਨ

ਅੰਦਰੂਨੀ ਦਬਾਅ 'ਚ ਲਿਆ ਫ਼ੈਸਲਾ

ਨਵੀਂ ਦਿੱਲੀ, 31 ਜਨਵਰੀ (ਵਿਸ਼ਵ ਵਾਰਤਾ)-ਆਈ.ਪੀ.ਐਲ. ਨੀਲਾਮੀ ਮਾਮਲੇ ਦੇ ਮੱਦੇਨਜ਼ਰ ਪਾਕਿਸਤਾਨ ਦੇ ਹਾਕੀ ਵਿਸ਼ਵ ਕੱਪ ਦਾ ਬਾਈਕਾਟ ਕਰਨ ਦੀਆਂ ਖ਼ਬਰਾਂ ਦਾ ਵਿਰੋਧ ਕਰਦਿਆਂ ਪਾਕਿਸਤਾਨ ਹਾਕੀ ਮਹਾਸੰਘ ਦੇ ਪ੍ਰਮੁੱਖ ਕਾਸਿਮ ਜਿਯਾ ਨੇ ਕਿਹਾ ਹੈ ਕਿ ਉਹਨਾਂ ਦੀ ਟੀਮ ਭਾਰਤ ਵਿੱਚ ਅਗਲੇ ਮਹੀਨੇ ਹੋਣ ਵਾਲੇ ਇਸ ਟੂਰਨਾਮੈਂਟ ਵਿੱਚ ਹਿਸਾ ਲਵੇਗੀ ਪਰ ਉਹਨਾਂ ਨੇ ਇਹ ਵੀ ਸਵੀਕਾਰ ਕੀਤਾ ਕਿ ਉਹਨਾਂ 'ਤੇ ਅੰਦਰੂਨੀ ਦਬਾਅ ਹੈ। ਜਿਯਾ ਨੇ ਕਰਾਚੀ ਤੋਂ ਦਿੱਤੀ ਇੰਟਰਵਿਊ ਵਿੱਚ ਕਿਹਾ ਕਿ ਇਹ ਕਹਿਣਾ ਬਿਲਕੁਲ ਗਲਤ ਹੈ ਕਿ ਪਾਕਿਸਤਾਨ ਹਾਕੀ ਵਿਸ਼ਵ ਕੱਪ ਵਿੱਚ ਹਿੱਸਾ ਨਹੀਂ ਲਵੇਗਾ। ਸਾਡੀ ਟੀਮ ਤਿਆਰੀ ਵਿੱਚ ਜੁਟੀ ਹੋਈ ਹੈ। ਜ਼ਿਕਰਯੋਗ ਹੈ ਕਿ ਆਈ.ਪੀ.ਐਲ. ਦੇ ਤੀਸਰੇ ਸੀਜ਼ਨ ਲਈ 19 ਜਨਵਰੀ ਨੂੰ ਹੋਈ ਨੀਲਾਮੀ ਵਿੱਚ ਕਿਸੇ ਪਾਕਿਸਤਾਨੀ ਕ੍ਰਿਕਟਰਾਂ ਦੀ ਬੋਲੀ ਨਾ ਲੱਗਣ ਤੋਂ ਬਾਅਦ ਦੋਵੇਂ ਦੇਸ਼ਾਂ ਦੇ ਕ੍ਰਿਕਟ ਸੰਬੰਧਾਂ ਵਿੱਚ ਆਏ ਤਣਾਅ ਕਾਰਨ ਪੀ.ਐਚ.ਐਫ. 'ਤੇ ਵੀ ਕਾਫ਼ੀ ਦਬਾਅ ਹੈ ਅਤੇ ਜਿਯਾ ਨੇ ਇਸ ਨੂੰ ਸਵੀਕਾਰ ਵੀ ਕੀਤਾ। ਉਹਨਾਂ ਕਿਹਾ ਕਿ ਆਈ.ਪੀ.ਐਲ. ਭਾਰਤ ਦੀ ਘਰੇਲੂ ਟਵੰਟੀ 20 ਕ੍ਰਿਕਟ ਲੀਗ ਹੈ ਜਦਕਿ ਵਿਸ਼ਵ ਕੱਪ ਅੰਤਰ-ਰਾਸ਼ਟਰੀ ਹਾਕੀ ਮਹਾਸੰਘ ਦਾ ਟੂਰਨਾਮੈਂਟ ਹੈ। ਦੋਵਾਂ ਵਿੱਚ ਜ਼ਮੀਨ-ਆਸਮਾਨ ਦਾ ਫਰਕ ਹੈ ਅਤੇ ਅਸੀਂ ਆਪਣਾ ਇਹੀ ਪੱਖ ਰੱਖ ਰਹੇ ਹਾਂ।

ਜੈਪੁਰ-ਅੰਮ੍ਰਿਤਸਰ ਸਣੇ ਹੋਰ ਐਕਸਪ੍ਰੈਸ ਰੇਲ ਗੱਡੀਆਂ ਅੱਜ ਤੋਂ ਬਹਾਲ

ਜਲੰਧਰ, 31 ਜਨਵਰੀ (ਸਰਬਜੀਤ ਵਾਲੀਆ)- ਰੇਲਵੇ ਨੇ ਜੈਪੁਰ ਤੋਂ ਅੰਮ੍ਰਿਤਸਰ ਬਰਾਸਤਾ ਜੈਤੋ ਵਿਚਕਾਰ ਚੱਲਣ ਵਾਲੀ 9771 ਅਪ ਤੇ 9772 ਡਾਊਨ ਐਕਸਪ੍ਰੈਸ ਗੱਡੀਆਂ ਅਤੇ 4525 ਅੱਪ ਅਤੇ 4526 ਡਾਊਨ ਦੈਨਿਕ ਐਕਸਪ੍ਰੈਸ ਅੰਬਾਲਾ-ਸ੍ਰੀਗੰਗਾਨਗਰ ਬਰਾਸਤਾ ਪਟਿਆਲਾ-ਬਠਿੰਡਾ ਚੱਲਣ ਵਾਲੀਆਂ ਗੱਡੀਆਂ ਨੂੰ ਇੱਕ ਫਰਵਰੀ ਤੋਂ ਬਹਾਲ ਕਰਨ ਦਾ ਫੈਸਲਾ ਲਿਆ ਗਿਆ ਹੈ। ਇਹ ਗੱਡੀਆਂ ਰੇਲਵੇ ਨੇ ਭਾਰੀ ਕੋਹਰੇ ਅਤੇ ਧੁੰਦ ਦੇ ਕਾਰਨ ਬੀਤੀ 3-4 ਜਨਵਰੀ ਨੂੰ ਰੱਦ ਕੀਤੀਆਂ ਗਈਆਂ ਸਨ। ਉਹਨਾਂ ਕਿਹਾ ਕਿ ਜੈਪੁਰ-ਅੰਮ੍ਰਿਤਸਰ ਐਕਸਪ੍ਰੈਸ ਗੱਡੀ ਹਫ਼ਤੇ 'ਚ 2 ਦਿਨ ਮੰਗਲਵਾਰ ਤੇ ਵੀਰਵਾਰ ਨੂੰ ਆਉਂਦੀ-ਜਾਂਦੀ ਹੈ।

ਪ੍ਰਵਾਸੀ ਪੰਛੀਆਂ ਦੀ ਗਿਣਤੀ ਅਤੇ ਸੁਭਾਅ ਨੋਟ ਕਰਨ ਲਈ ਮਾਹਿਰ ਪੁੱਜੇ ਹਰੀਕੇ ਪੱਤਣ

ਹਰੀਕੇ ਪੱਤਣ, 31 ਜਨਵਰੀ (ਰਵਿੰਦਰ ਸਿੰਘ)-ਭਾਰਤ ਦੀਆਂ 6 ਅੰਤਰਰਾਸ਼ਟਰੀ ਧਰਤੀਆਂ ਵਿੱਚ ਇਕ ਹੋਣ ਦੇ ਨਾਂ ਤੇ ਜਾਣੀ ਜਾਣ ਵਾਲੀ ਹਰੀਕੇ ਪੱਤਣ ਧਰਤੀ ਜਿਸ ਨੂੰ ਪੰਛੀਆਂ ਦਾ ਸਵਰਗ ਵੀ ਕਿਹਾ ਜਾਂਦਾ ਹੈ ਅਤੇ ਇਸ ਧਰਤੀ ਤੇ ਸਰਕਾਰ ਵੱਲੋਂ ਘੋਸ਼ਿਤ ਕੀਤੀ ਗਈ ਪੰਛੀ ਰੱਖ ਜੋ ਦੋ ਦਰਿਆਵਾਂ ਸਤਲੁਜ ਅਤੇ ਬਿਆਸ ਦੇ ਮਿਲਾਪ ਸਥਾਨ ਵਿੱਚ ਹੈ ਅਤੇ ਇਸ ਸਥਾਨ 'ਤੇ ਹਰ ਸਾਲ ਸਰਦ ਰੁੱਤ ਵਿੱਚ ਅਨੇਕਾਂ ਦੇਸ਼ਾਂ ਤੋਂ ਪ੍ਰਵਾਸੀ ਪੰਛੀਆਂ ਦੇ ਰੈਣ ਬਸੇਰੇ ਕਰਦੇ ਹਨ ਤੇ ਸਰਦ ਰੁੱਤ ਖਤਮ ਹੋਣ ਤੋਂ ਬਾਅਦ ਹਜ਼ਾਰਾਂ ਮੀਲ ਸਫ਼ਰ ਤੈਅ ਕਰਕੇ ਆਪਣੇ ਵਤਨਾਂ ਨੂੰ ਵਾਪਸ ਚਲੇ ਜਾਂਦੇ ਹਨ ਅਤੇ ਇਸ ਵਾਰ ਇਨ੍ਹਾਂ ਪ੍ਰਵਾਸੀ ਪੰਛੀਆਂ ਤੇ ਜੰਗਲੀ ਜੀਵਾਂ ਦੀ ਸੁਰੱਖਿਆ ਲਈ ਕੰਮ ਕਰ ਰਹੇ ਜੰਗਲੀ ਜੀਵ ਸੁਰੱਖਿਆ ਵਿਭਾਗ ਵੱਲੋਂ ਹਰ ਸਾਲ ਆਉਣ ਵਾਲੇ ਵੱਖ ਵੱਖ ਪ੍ਰਵਾਸੀ ਪੰਛੀਆਂ ਦੀ ਗਿਣਤੀ ਤੇ ਪ੍ਰਤੀਸ਼ਤ ਦੇਸ਼ ਪੰਛੀਆਂ ਦੀ ਨਸਲ ਦਾ ਪਤਾ ਲਗਾਉਣ ਲਈ ਸ਼ੁਰੂ ਕੀਤੇ ਪ੍ਰੋਗਰਾਮ ਅਧੀਨ ਅੱਜ ਵੱਖ-ਵੱਖ ਰਾਜਾਂ ਤੋਂ ਸਬੰਧਤ ਟੀਮਾਂ ਹਰੀਕੇ ਪੱਤਣ ਦੇ ਜੰਗਲੀ ਜੀਵ ਤੇ ਵਣ ਵਿਭਾਗ ਦੇ ਦਫ਼ਤਰ ਵਿੱਚ ਪੁੱਜੀਆਂ, ਜਿਸ ਸਬੰਧੀ ਸ. ਹਰਬੰਸ ਸਿੰਘ ਢਿੱਲੋਂ ਨੇ ਪ੍ਰੈਸ ਨੂੰ (ਬਾਕੀ ਸਫਾ 2 'ਤੇ)

ਆਰ.ਐੱਸ.ਐੱਸ. ਦੇ ਹੱਥਠੋਕਿਆਂ ਤੋਂ ਸ਼੍ਰੋਮਣੀ ਕਮੇਟੀ ਕਿਨਾਰਾ ਕਰੇ -ਭਾਈ ਨਿਮਾਣਾ

ਸਿੱਖ ਸੰਗਤਾਂ ਦੇ ਸਹਿਯੋਗ ਨਾਲ ਸ਼੍ਰੋਮਣੀ ਕਮੇਟੀ ਚੋਣਾਂ ਅੰਦਰ ਨਵਾਂ ਇਤਿਹਾਸ ਸਿਰਜਿਆ ਜਾਵੇ

ਲੁਧਿਆਣਾ, 31 ਜਨਵਰੀ (ਰਾਜ ਜੋਸ਼ੀ)-ਸ਼੍ਰੋਮਣੀ ਕਮੇਟੀ ਦੀਆਂ ਆ ਰਹੀਆਂ ਚੋਣਾਂ ਦੇ ਸੰਬੰਧ ਵਿੱਚ ਬੋਲਦਿਆਂ ਕਨਵੀਨਰ ਭੁਪਿੰਦਰ ਸਿੰਘ ਨਿਮਾਣਾ ਨੇ ਸਮੁੱਚੇ ਸਿੱਖ ਜਗਤ ਨੂੰ ਬਾਦਲਕਿਆਂ ਦੀਆਂ ਚਲਾਕੀਆਂ ਤੋਂ ਬਚਣ ਲਈ ਅਪੀਲ ਕੀਤੀ। ਸ੍ਰ. ਨਿਮਾਣਾ ਨੇ ਕਿਹਾ ਕਿ ਜਿਸ ਤਰ੍ਹਾਂ ਸੁਖਬੀਰ ਬਾਦਲ ਵੱਲੋਂ ਚੰਡੀਗੜ੍ਹ ਵਿਖੇ ਮੀਟਿੰਗ ਕਰਕੇ ਅਕਾਲੀ ਵਰਕਰਾਂ ਨੂੰ ਸ਼੍ਰੋਮਣੀ ਕਮੇਟੀ ਚੋਣਾਂ ਲਈ ਕਮਰਕੱਸੇ ਕਰਨ ਦਾ ਜੋ ਸੱਦਾ ਦਿੱਤਾ ਹੈ, ਖਾਲਸਾ ਪੰਚਾਇਤ ਨੇ ਉਨ੍ਹਾਂ ਸਮੁੱਚੇ ਅਕਾਲੀ ਵਰਕਰਾਂ ਨੂੰ ਇਹ ਯਾਦ ਦਿਵਾਇਆ ਕਿ 5 ਦਸੰਬਰ 2009 ਨੂੰ ਲੁਧਿਆਣਾ ਵਿਖੇ ਗੁਰੂ ਨਿੰਦਕ ਆਸ਼ੂਤੋਸ਼ ਦਾ ਵਿਰੋਧ ਕਰ ਰਹੇ ਸਿੱਖਾਂ 'ਤੇ ਜਿਸ ਤਰ੍ਹਾਂ ਪੰਜਾਬ ਦੀ ਬਾਦਲ ਸਰਕਾਰ ਨੇ ਗੋਲੀਆਂ ਚਲਾਈਆਂ, ਜਿਸ ਦੇ ਨਾਲ ਇੱਕ ਸਿੰਘ ਸ਼ਹੀਦ ਹੋ ਗਿਆ ਅਤੇ ਕੁਝ ਗੰਭੀਰ ਜ਼ਖਮੀ ਹੋ ਗਏ। ਉਨ੍ਹਾਂ ਸਿੱਖਾਂ ਨੂੰ ਪਿੱਠ ਨਾ ਦੇਣ। ਖਾਲਸਾ ਪੰਚਾਇਤ ਨੇ ਕਿਹਾ ਕਿ ਸਿੱਖ ਸੰਗਤਾਂ ਦੇ ਸਹਿਯੋਗ ਨਾਲ ਆ ਰਹੀਆਂ ਸ਼੍ਰੋਮਣੀ ਕਮੇਟੀ ਚੋਣਾਂ ਅੰਦਰ ਨਵਾਂ ਇਤਿਹਾਸ ਸਿਰਜਿਆ ਜਾਵੇਗਾ ਅਤੇ ਆਰ.ਐੱਸ.ਐੱਸ. ਦੇ ਕੁਹਾੜੇ ਦਾ ਦਸਤਾ ਬਣੇ ਬਾਦਲ ਪਰਿਵਾਰ ਤੋਂ ਸ਼੍ਰੋਮਣੀ ਕਮੇਟੀ ਨੂੰ ਮੁਕਤ ਕਰਵਾਇਆ ਜਾਵੇਗਾ। ਸ੍ਰੀ ਨਿਮਾਣਾ ਨੇ ਕਿਹਾ ਕਿ ਸੱਤਾ ਵਿੱਚ ਹੁੰਦੇ ਹੋਏ ਬਾਦਲ ਪਰਿਵਾਰ ਨੇ ਸਰਕਾਰੀ ਖਜ਼ਾਨੇ ਨੂੰ ਰੱਜ ਕੇ ਲੁੱਟਿਆ ਅਤੇ ਆਪਣੇ ਖਜ਼ਾਨੇ ਭਰੇ ਅਤੇ ਇਸ ਤੋਂ ਉਪਰੰਤ ਸ਼੍ਰੋਮਣੀ ਕਮੇਟੀ ਨੂੰ ਆਉਂਦੀ ਗੋਲਕਾਂ ਦੀ ਮਾਇਆ ਦੇ ਸਿਰ 'ਤੇ ਸਿਆਸਤ ਕਰਦੇ ਹਨ। ਅਤੇ ਅਕਾਲ ਤਖਤ ਦੀ ਮਰਿਆਦਾ ਨੂੰ ਰੱਜ ਕੇ ਢਾਹ ਲਾਉਂਦੇ ਹਨ। ਇਸ ਲਈ ਸਭ ਤੋਂ ਪਹਿਲਾਂ ਸ਼੍ਰੋਮਣੀ ਕਮੇਟੀ ਨੂੰ ਆਰ.ਐੱਸ.ਐੱਸ. ਦੇ ਹੱਥਠੋਕਿਆਂ ਤੋਂ ਅਜ਼ਾਦ

'ਅੱਜ ਦੀ ਆਵਾਜ਼' ਦੇ ਪੱਤਰਕਾਰਾਂ ਦੀ ਮੀਟਿੰਗ ਫਿਲਹਾਲ ਮੁਲਤਵੀ

ਰੋਜ਼ਾਨਾ 'ਅੱਜ ਦੀ ਆਵਾਜ਼' ਦੇ ਸਮੂਹ ਪੱਤਰਕਾਰਾਂ ਦੀ ਵਿਸ਼ੇਸ਼ ਬੈਠਕ ਜੋ 3 ਫਰਵਰੀ 2010 ਦਿਨ ਬੁੱਧਵਾਰ ਨੂੰ ਦੁਪਹਿਰ 11 ਵਜੇ ਅਖ਼ਬਾਰ ਦੇ ਮੁੱਖ ਦਫ਼ਤਰ ਜਲੰਧਰ ਵਿਖੇ ਰੱਖੀ ਗਈ ਸੀ। ਕੁਝ ਖ਼ਾਸ ਕਾਰਨਾਂ ਕਰਕੇ ਮੁਲਤਵੀ ਕਰ ਦਿੱਤੀ ਗਈ ਹੈ। ਮੀਟਿੰਗ ਲਈ ਨਵੀਂ ਤਰੀਕ ਅੱਜ-ਕੱਲ੍ਹ ਵਿੱਚ ਨਿਸ਼ਚਿਤ ਕੀਤੀ ਜਾਵੇਗੀ।

- ਸੰਪਾਦਕ

ਫੋਕਸ — ਦ੍ਰਿਸ਼ਟੀਕੋਣ

ਸਿੱਖ ਪੰਥ ਦੇ ਗੌਰਵ ਲਈ



ਬਰਜਿੰਦਰ ਸਿੰਘ ਹਮਦਰਦ
ਸੰਪਾਦਕ ਰੋਜ਼ਾਨਾ 'ਅਜੀਤ' ਜਲੰਧਰ।

ਪੰਜ ਸਿੰਘ ਸਾਹਿਬਾਨ ਵੱਲੋਂ ਪ੍ਰੋ: ਦਰਸ਼ਨ ਸਿੰਘ ਨੂੰ ਪੰਥ ਵਿਚੋਂ ਛੇਕੇ ਜਾਣ ਦੇ ਐਲਾਨ ਨੇ ਸਿੱਖ ਕੌਮ ਵਿਚ ਇਕ ਨਵੀਂ ਸਥਿਤੀ ਅਤੇ ਦੁਬਿਧਾ ਪੈਦਾ ਕਰ ਦਿੱਤੀ ਹੈ। ਉਹ ਵਿਅਕਤੀ ਜੋ ਕਦੇ ਖ਼ੁਦ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਜਥੇਦਾਰ ਰਿਹਾ ਹੋਵੇ, ਨੂੰ ਹੀ ਭਾਈਚਾਰੇ 'ਚੋਂ ਕੱਢਣ ਦੀ ਕਾਰਵਾਈ ਦੁੱਖਦਾਈ ਹੀ ਕਹੀ ਜਾ ਸਕਦੀ ਹੈ। ਜ਼ਿਕਰਯੋਗ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਅਤੇ ਦੂਸਰੇ ਸਿੰਘ ਸਾਹਿਬਾਨ ਅਜਿਹਾ ਫ਼ੈਸਲਾ ਲੈਣ ਤੋਂ ਪਹਿਲਾਂ ਆਪ ਵੀ ਕਾਫ਼ੀ ਦੁਬਿਧਾ ਵਿਚ ਪਏ ਨਜ਼ਰ ਆਉਂਦੇ ਸਨ। ਉਨ੍ਹਾਂ ਨੇ ਪ੍ਰੋ. ਦਰਸ਼ਨ ਸਿੰਘ ਨੂੰ ਉਸ ਵੱਲੋਂ ਅਮਰੀਕਾ ਦੇ ਇਕ ਗੁਰਦੁਆਰਾ ਸਾਹਿਬ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਬਾਰੇ ਕੀਤੀਆਂ ਗਈਆਂ ਇਤਰਾਜ਼ਯੋਗ ਟਿੱਪਣੀਆਂ ਸਬੰਧੀ 5 ਦਸੰਬਰ 2009 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਪੰਜ ਸਿੰਘ ਸਾਹਿਬਾਨ ਅੱਗੇ ਪੇਸ਼ ਹੋ ਕੇ ਆਪਣਾ ਸਪੱਸ਼ਟੀਕਰਨ ਦੇਣ ਲਈ ਸੱਦਿਆ ਸੀ। ਉਸ ਸਮੇਂ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਜਿਸ ਤਰ੍ਹਾਂ ਦੀ ਨਾਟਕਬਾਜ਼ੀ ਪ੍ਰੋ: ਦਰਸ਼ਨ ਸਿੰਘ ਨੇ ਕੀਤੀ ਸੀ, ਉਸ ਨੂੰ ਅਸੀਂ ਜ਼ਰੂਰ ਨੀਵੀਂ ਪੱਧਰ ਦੀ ਮੰਨਦੇ ਹਾਂ। ਉਸ ਸਮੇਂ ਪੰਜ ਸਿੰਘ ਸਾਹਿਬਾਨ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਕੱਤਰੇਤ ਵਿਚ ਬੈਠੇ ਪ੍ਰੋ. ਦਰਸ਼ਨ ਸਿੰਘ ਦੀ ਉਡੀਕ ਕਰਦੇ ਰਹੇ ਪਰ ਪ੍ਰੋ: ਦਰਸ਼ਨ ਸਿੰਘ ਨੇ ਨਾ ਕੇਵਲ ਕੁਝ ਹੀ ਕਦਮਾਂ 'ਤੇ ਬੈਠੇ ਸਿੰਘ ਸਾਹਿਬਾਨ ਕੋਲ ਜਾਣ ਤੋਂ ਇਨਕਾਰ ਕਰ ਦਿੱਤਾ ਸਗੋਂ ਉਹ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਗੋਲਕ ਕੋਲ ਆਪਣਾ ਪੱਤਰ ਰੱਖ ਕੇ ਮੁੜ ਆਏ। ਉਹ ਲਗਾਤਾਰ ਅੜੀ ਕਰਕੇ ਇਹੀ ਆਖਦੇ ਰਹੇ ਕਿ ਉਹ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਪੇਸ਼ ਹੋ ਗਏ ਹਨ। ਉਸ ਸਮੇਂ ਉਨ੍ਹਾਂ ਦਾ ਲਿਖਤੀ ਸਪੱਸ਼ਟੀਕਰਨ ਵੀ ਸਿੰਘ ਸਾਹਿਬਾਨ ਨੂੰ ਮੁਖਾਤਿਬ ਨਹੀਂ ਸੀ। ਸਗੋਂ ਉਹ ਰੱਬ ਨੂੰ ਮੁਖਾਤਿਬ ਸੀ। ਇਸ ਤਰ੍ਹਾਂ ਇਕ ਤਰ੍ਹਾਂ ਨਾਲ ਪ੍ਰੋ: ਦਰਸ਼ਨ ਸਿੰਘ ਨੇ ਸਿੰਘ ਸਾਹਿਬਾਨ ਦੇ ਰੁਤਬਿਆਂ ਨੂੰ ਮੰਨਣ ਤੋਂ ਹੀ ਇਨਕਾਰ ਕਰ ਦਿੱਤਾ ਸੀ। ਉਸ ਪਿੱਛੋਂ ਸਿੰਘ ਸਾਹਿਬਾਨ ਨੇ ਲੰਮਾ ਵਿਚਾਰ-ਵਟਾਂਦਰਾ ਕਰਨ ਤੋਂ ਬਾਅਦ ਅਤੇ ਪਈ ਇਸ ਦੁਬਿਧਾ ਦਾ ਸੁਖਾਵਾਂ ਹੱਲ ਕੱਢਣ ਲਈ ਪ੍ਰੋ. ਦਰਸ਼ਨ ਸਿੰਘ ਨੂੰ ਮੁੜ 7 ਜਨਵਰੀ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਹਾਜ਼ਰ ਹੋ ਕੇ ਤਨਖਾਹ ਲਵਾਉਣ ਲਈ ਕਿਹਾ ਸੀ। ਉਨ੍ਹਾਂ ਵੱਲੋਂ ਇਹ ਵੀ ਹੁਕਮ ਹੋਇਆ ਸੀ ਕਿ ਇਸ ਸਮੇਂ ਦੌਰਾਨ ਉਹ ਕੀਰਤਨ ਨਾ ਕਰਨ ਅਤੇ ਕਿਸੇ ਵੀ ਧਾਰਮਿਕ ਸਮਾਗਮ ਨੂੰ ਸੰਬੋਧਨ ਨਾ ਕਰਨ। ਪ੍ਰੋ: ਦਰਸ਼ਨ ਸਿੰਘ ਮਿੱਥੀ ਤਰੀਕ 'ਤੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹਾਜ਼ਰ ਨਹੀਂ ਹੋਏ ਸਗੋਂ ਉਨ੍ਹਾਂ ਨੇ ਇਸ ਸਮੇਂ ਦੌਰਾਨ ਸਿੰਘ ਸਾਹਿਬਾਨ ਦੇ ਆਦੇਸ਼ਾਂ ਨੂੰ ਨਕਾਰਨ ਵਾਲੀਆਂ ਕਈ ਕਾਰਵਾਈਆਂ ਕੀਤੀਆਂ। ਇਸ ਸਮੇਂ ਦੌਰਾਨ ਉਹ ਸਿੰਘ ਸਾਹਿਬਾਨ ਵਿਰੁੱਧ ਆਪਣੀ ਨੀਵੀਂ ਪੱਧਰ ਦੀ ਭੜਾਸ ਵੀ ਕੱਢਦੇ ਰਹੇ। ਇਹ ਸਭ ਕੁਝ ਦੇ ਬਾਵਜੂਦ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਉਨ੍ਹਾਂ ਨੂੰ ਮੁੜ ਇਸ ਮਸਲੇ 'ਤੇ 29 ਜਨਵਰੀ ਨੂੰ ਹਾਜ਼ਰ ਹੋਣ ਦੇ ਆਦੇਸ਼ ਦਿੱਤੇ ਗਏ। ਪਰ ਪ੍ਰੋ: ਦਰਸ਼ਨ ਸਿੰਘ ਵੱਲੋਂ ਇਨ੍ਹਾਂ ਆਦੇਸ਼ਾਂ ਦੀ ਵੀ ਕੋਈ ਪ੍ਰਵਾਹ ਨਾ ਕੀਤੀ ਗਈ। ਹੈਰਾਨੀ ਅਤੇ ਅਫ਼ਸੋਸ ਦੀ ਗੱਲ ਇਹ ਹੈ ਕਿ ਉਹ ਵਿਅਕਤੀ ਜਿਹੜਾ ਆਪ ਇਸ ਮਹਾਨ ਤਖ਼ਤ 'ਤੇ ਜਥੇਦਾਰ ਦੇ ਰੂਪ ਵਿੱਚ ਸੁਸ਼ੋਭਿਤ ਰਿਹਾ ਹੋਵੇ, ਜੋ ਆਪਣੇ ਕਾਰਜਕਾਲ ਦੌਰਾਨ ਅਨੇਕਾਂ ਹੀ (ਬਾਕੀ ਸਫਾ 2 'ਤੇ)

ਭਾਈ ਫਤਹਿ ਸਿੰਘ ਦੇ ਪਰਿਵਾਰ ਦਾ ਪੰਥਕ ਸੰਘਰਸ਼ 'ਚ ਬੇਮਿਸਾਲ ਯੋਗਦਾਨ-ਭਾਈ ਜਸਵੀਰ ਸਿੰਘ ਖਾਲਸਾ

ਰਾਉਕੇ/ਮੋਗਾ, 31 ਜਨਵਰੀ (ਮਲਕੀਤ ਸਿੰਘ ਬਰਾੜ)-ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਵੱਲੋਂ ਸ਼ੁਰੂ ਕੀਤੇ ਗਏ ਧਰਮ ਯੁੱਧ ਮੋਰਚੇ ਵਿੱਚ ਬੇਮਿਸਾਲ ਕੁਰਬਾਨੀਆਂ ਕਰਨ ਵਾਲੇ ਪਰਿਵਾਰ ਨਾਲ ਸਬੰਧਤ ਭਾਈ ਫਤਹਿ ਸਿੰਘ ਨੂੰ ਅੱਜ ਇੱਥੇ ਉਨ੍ਹਾਂ ਦੇ ਜੱਦੀ ਪਿੰਡ ਰਾਉਕੇ ਵਿੱਚ ਅੰਤਿਮ ਅਰਦਾਸ ਮੌਕੇ ਨਿੱਘੀਆਂ ਸ਼ਰਧਾਂਜਲੀਆਂ ਭੇਂਟ ਕੀਤੀਆਂ ਗਈਆਂ। ਸਮਾਗਮ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਭਾਈ ਜਸਵੀਰ ਸਿੰਘ ਖਾਲਸਾ, ਕੈਪਟਨ ਹਰਚਰਨ ਸਿੰਘ ਰੋਡੇ, ਹਲਕਾ ਵਿਧਾਇਕ ਅਜੀਤ ਸਿੰਘ ਸ਼ਾਂਤ, ਬੂਟਾ ਸਿੰਘ ਰਣਸੀਂਹ ਸਮੇਤ ਵੱਡੀ ਗਿਣਤੀ ਵਿੱਚ ਸਿੱਖ ਸਖਸ਼ੀਅਤਾਂ ਤੇ ਸੰਗਤਾਂ ਨੇ ਹਾਜ਼ਰੀ ਭਰੀ। ਇਸ ਮੌਕੇ ਸਿੰਘ ਸਾਹਿਬ ਭਾਈ ਜਸਵੀਰ ਸਿੰਘ ਖਾਲਸਾ ਨੇ ਬੋਲਦਿਆਂ ਕਿਹਾ ਕਿ ਭਾਈ ਫਤਹਿ ਸਿੰਘ ਤੇ ਉਨ੍ਹਾਂ ਦੇ ਪਰਿਵਾਰ ਦੀ ਧਰਮ ਯੁੱਧ ਮੋਰਚੇ ਵਿੱਚ ਵੱਡੀ ਕੁਰਬਾਨੀ ਹੈ। ਇਸ ਪਰਿਵਾਰ ਨੇ ਹਮੇਸ਼ਾ ਪੰਥ ਦੀ ਨਿਸ਼ਕਾਮ ਸੇਵਾ ਕੀਤੀ ਹੈ। ਉਨ੍ਹਾਂ ਦੱਸਿਆ ਕਿ ਭਾਈ ਫਤਹਿ ਸਿੰਘ ਦੇ ਛੋਟੇ ਭਰਾ ਭਾਈ ਗੁਰਮੇਲ ਸਿੰਘ ਜੀ ਨੇ ਦਰਬਾਰ ਸਾਹਿਬ ਉੱਪਰ ਹੋਏ ਫੌਜੀ ਹਮਲੇ ਸਮੇਂ ਦਮਦਮੀ ਟਕਸਾਲ ਦੇ ਜੱਥੇ ਨਾਲ ਸ਼ਹਾਦਤ ਦਿੱਤੀ ਸੀ ਅਤੇ ਉਨ੍ਹਾਂ ਦੇ ਦੂਜੇ ਭਰਾ ਭਾਈ ਚੜ੍ਹਤ ਸਿੰਘ ਜੋ ਉਸ ਵੇਲੇ ਪਿੰਡ ਦੇ ਸਰਪੰਚ ਵੀ ਸਨ ਨੂੰ ਪੁਲਿਸ ਨੇ 1993 ਵਿੱਚ ਚੱਕ ਕੇ ਕਿਧਰੇ ਖਪਾ ਦਿੱਤਾ ਸੀ। ਇਸ ਦੇ ਬਾਵਜੂਦ ਵੀ ਭਾਈ ਫਤਹਿ ਸਿੰਘ ਤੇ ਉਨ੍ਹਾਂ ਦਾ ਪਰਿਵਾਰ ਇਸ ਜ਼ੁਲਮ ਤਸ਼ੱਦਦ ਦੇ ਬਾਵਜੂਦ ਸਿੱਖ ਸੰਘਰਸ਼ ਨਾਲ ਜੁੜਿਆ ਰਿਹਾ ਅਤੇ ਕਿਧਰੇ ਵੀ ਡੋਲੇ ਨਹੀਂ। ਇਸ ਮੌਕੇ ਸਿੰਘ ਸਾਹਿਬ ਜੀ ਨੇ ਭਾਈ ਫਤਹਿ ਸਿੰਘ ਜਿਹੜੇ ਕੇ ਉਨ੍ਹਾਂ ਦੇ ਨਿੱਜੀ ਗੰਨਮੈਨ ਤੇ ਗੱਡੀ ਦੇ ਡਰਾਈਵਰ ਵੀ ਸੀ, ਦੇ ਜੀਵਨ 'ਤੇ ਚਾਨਣਾ ਪਾਇਆ ਤੇ ਉਨ੍ਹਾਂ ਦੇ ਪਰਿਵਾਰ ਨੂੰ ਭਰੋਸਾ ਦਿੱਤਾ ਕਿ ਪੰਥਕ ਜਥੇਬੰਦੀਆਂ ਹਮੇਸ਼ਾ ਇਸ ਪਰਿਵਾਰ ਦੀ ਸਾਰ ਲੈਂਦੀਆਂ ਰਹਿਣਗੀਆਂ। ਇਸ ਮੌਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦੇ ਭੋਗ ਪਾਏ ਗਏ ਅਤੇ ਅਰਦਾਸ ਕੀਤੀ ਗਈ। ਇਸ ਮੌਕੇ ਕੈਪਟਨ ਹਰਚਰਨ ਸਿੰਘ ਰੋਡੇ, ਭਾਈ ਦਲੀਪ ਸਿੰਘ ਚਕਰ, ਭਾਈ ਗੁਰਦੀਪ ਸਿੰਘ ਬਠਿੰਡਾ ਨੇ ਵੀ ਭਾਈ ਫਤਹਿ ਸਿੰਘ ਦੇ ਜੀਵਨ 'ਤੇ ਚਾਨਣਾ ਪਾਇਆ। ਇੱਥੇ ਵਰਨਣਯੋਗ ਹੈ ਕਿ ਭਾਈ ਫਤਹਿ ਸਿੰਘ ਦੇ ਦੋ ਬੇਟੀਆਂ ਹਨ ਜਿਨ੍ਹਾਂ ਵਿਚੋਂ ਇਕ ਵਿਆਹੀ ਹੋਈ ਹੈ। ਹੋਰਨਾਂ ਤੋਂ ਇਲਾਵਾ ਜੋ ਸ਼ਰਧਾਂਜਲੀ ਸਮਾਰੋਹ ਵਿੱਚ ਸ਼ਾਮਿਲ ਸਨ ਉਨ੍ਹਾਂ 'ਚ ਬੂਟਾ ਸਿੰਘ ਰਣਸੀਂਹ ਕਲਾਂ, ਭਾਈ ਮਲਕੀਤ ਸਿੰਘ ਰਾਉਕੇ, ਹਰਬੰਸ ਸਿੰਘ ਬਬੀਹਾ ਭਾਈ, ਗੁਰਸੇਵਕ ਸਿੰਘ ਕਿਲੀ ਚਾਹਲ, ਹਰਜਿੰਦਰ ਸਿੰਘ ਬਾਦਰ ਜਟਾਣਾ, ਭਾਈ ਜੋਗਿੰਦਰ ਸਿੰਘ ਰੋਡੇ, ਭਾਈ ਜਗਤਾਰ ਸਿੰਘ ਰੋਡੇ, ਭਾਈ ਅਵਤਾਰ ਸਿੰਘ ਸੰਘਾ, ਭਾਈ ਕੁਲਵੰਤ ਸਿੰਘ ਤੇ ਵੱਡੀ ਗਿਣਤੀ ਵਿੱਚ ਸਿੱਖ ਸੰਗਤਾਂ ਸ਼ਾਮਲ ਸਨ। ਸਟੇਜ ਸੈਕਟਰੀ ਦੀ ਸੇਵਾ ਭਾਈ ਦਲੀਪ ਸਿੰਘ ਚਕਰ ਨੇ ਨਿਭਾਈ।